**OFFICE OF EXECUTIVE ENGINEER, ESTATE**
**PATIALA CANAL CIRCLE, PATIALA**
**DEPARTMENT OF WATER RESOURCES PUNJAB**
**(email id- xenestateibpatiala@gmail.com)**

# ਨੋਟਿਸ ਬੋਲੀ

ਮਿਤੀ :-17-12-2024

ਲਹਿਲ ਨਹਿਰ ਮੰਡਲ,ਪਟਿਆਲਾ ਦਿਆਲਪੁਰ ਉਪ ਮੰਡਲ,ਉਪ ਮੰਡਲ ਦਫਤਰ ਸੰਗਤੀਵਾਲਾ ਅਧੀਨ ਆਉਦੀ 51 ਨੰ. ਦੁਕਾਨ, ਸੂਲਰ ਘਰਾਂਟ ਦੀ 3 ਸਾਲ ਤੱਕ ਦੀ ਲੀਜ ਬੋਲੀ ਮਿਤੀ 17-01-2025 ਦਿਨ ਸ਼ੁੱਕਰਵਾਰ ਨੂੰ ਦਿਆਲਪੁਰਾ ਉਪ ਮੰਡਲ, ਸੰਗਤੀਵਾਲਾ ਵਿਖੇ ਸਵੇਰੇ 11:00 ਵਜੇ ਨਿਸਚਿਤ ਕੀਤੀ ਗਈ ਹੈ । ਬੋਲੀ ਦੇ ਚਾਹਵਾਨ ਬੋਲੀ ਦੀਆਂ ਸ਼ਰਤਾ ਸਬੰਧੀ ਬੋਲੀ ਤੋ ਪਹਿਲਾ ਕਿਸੇ ਵੀ ਕੰਮ ਵਾਲੇ ਦਿਨ ਆਕੇ ਇਸ ਦਫਤਰ ਦੀ ਈ-ਮੇਲ ਆਈ ਡੀ xeniblehal@gmail.com,, xenestateibpatiala@gmail.com ਰਾਹੀ 7307508260 ਤੇ ਸਪੰਰਕ ਕਰਕੇ ਇਸ ਤੋਂ ਇਲਾਵਾ ਇਰੀਗੇਸ਼ਨ ਦੀ ਵੈਬਸਾਈਟ https:irrigation.punjab.gov.in ਤੇ ਜਾਣਕਾਰੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਬੋਲੀ ਵਾਸਤੇ ਰਾਖਵੀ ਕੀਮਤ ਅਤੇ ਬੋਲੀ ਵਿੱਚ ਹਿੱਸਾ ਲੈਣ ਤੇ ਪਹਿਲਾ ਸੁਰੱਖਿਆ ਰਕਮ ਹੇਠ ਲਿਖੇ ਅਨੁਸਾਰ ਕੈਸ/ਡਿਮਾਂਡ ਡਰਾਫਟ ਦੇ ਰੂਪ ਵਿੱਚ ਜਮਾ ਕਰਾਉਣੀ ਪਵੇਗੀ।

1. ਦੁਕਾਨਾ ਵਾਸਤੇ ਬੋਲੀ ਦੀ ਰਾਖਵੀ ਰਕਮ (Reserve price), ਅਤੇ ਸੁਰੱਖਿਆ ਰਕਮ )Security amount) ਕੀਮਤ ਨਿਰਧਾਰਨ ਕਮੇਟੀ ਦੁਆਰਾ ਕੀਤੀ ਗਈ (ਮਹੀਨਾਵਾਰ) ਨਿਰਧਾਰਤ ਰਕਮ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ. | ਦੁਕਾਨ ਦਾ ਨੰਬਰ | ਦੁਕਾਨ ਦਾ ਖੇਤਰਫਲ (Sq Ft) | ਰਾਖਵੀ ਕੀਮਤ (ਮਹੀਨਾਵਾਰ ਰੁਪਏ) | ਸਕਿਓਰਟੀ ਰਕਮ (ਰੁਪਏ) | ਬੋਲੀ ਕੀਤੀ ਜਾਣ ਦੀ ਮਿਤੀ,ਸਮਾ ਅਤੇ ਦਿਨ |
|---|---|---|---|---|---|
| 1 | 51 | 2030.20 (Sq Ft) | 10557/- | 12668/- | ਉਪ ਮੰਡਲ ਦਫਤਰ, ਸੰਗਤੀਵਾਲਾ, ਮਿਤੀ 17-01-2025 ਸਮਾ ਸਵੇਰੇ 11:00 ਵਜੇ |

2. ਹਰ ਸਾਲ ਕਿਰਾਏ ਦੀ ਦਰ ਵਿੱਚ ਪਿਛਲੇ ਸਾਲ ਨਾਲੋਂ 5% ਵਾਧੇ ਦੇ ਨਾਲ ਦੁਕਾਨ 3 ਸਾਲਾਂ ਦੀ ਮਿਆਦ ਲਈ ਲੀਜ਼ 'ਤੇ ਦਿੱਤੀ ਜਾਵੇਗੀ । ਨਵੀ ਨਿਲਾਮੀ ਲੀਜ਼ ਦੀ ਮਿਆਦ ਦੀ ਸਮਾਪਤੀ ਜਾਂ ਕਿਸੇ ਵੀ ਲੀਜ਼ ਸਮਝੌਤੇ ਨੂੰ ਰੱਦ ਕਰਨ ਤੋ ਬਾਅਦ ਕੀਤੀ ਜਾਵੇਗੀ।

3. ਸਾਰੇ ਭਾਗੀਦਾਰਾਂ ਨੂੰ ਬੋਲੀ ਦੀ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਦੁਕਾਨਾ ਅਨੁਸਾਰ ਦੱਸੀ ਗਈ ਹੈ ਕੈਸ/ਡਿਮਾਂਡ ਡਰਾਫਟ ਦੇ ਤੋਰ ਤੇ ਜਮ੍ਹਾਂ ਕਰਾਉਣੀ ਪਾਉਗੀ ।ਕੈਸ਼/ ਡਿਮਾਂਡ ਡਰਾਫਟ ਜੋ ਕਿ Executive Engineer/ Lehal Division, Patiala. ਦੇ ਨਾਮ ਹੋਵੇਗਾ। ਇਹ ਰਕਮ (Security amount) ਨਿਲਾਮੀ ਪੂਰੀ ਹੋਣ ਤੋਂ ਬਾਅਦ ਅਸਫਲ ਬੋਲੀਕਾਰਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਜਦੋਂ ਕਿ ਸਫਲ ਬੋਲੀਕਾਰ ਦੀ ਸੁਰੱਖਿਆ ਰਕਮ (Security amount) ਨੂੰ ਸਫਲ ਬੋਲੀ ਦੀ ਰਕਮ ਵਿੱਚ ਐਡਜਸਟ ਕੀਤਾ ਜਾਵੇਗਾ।

4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਕਰਨ ਲਈ ਮੌਕੇ 'ਤੇ 2 ਮਹੀਨਿਆਂ ਦੀ ਲੀਜ਼ ਦੀ ਰਕਮ (Cash) ਦੇ ਰੂਪ ਵਿੱਚ ਮੌਕੇ ਤੇ ਜਾਂ 2 ਘੰਟਿਆ ਦੇ ਸਮੇ ਅੰਦਰ ਜਮ੍ਹਾ ਕਰਵਾਏਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ 2 ਮਹੀਨਿਆਂ ਦੀ ਲੀਜ਼ ਰਕਮ ਜਮ੍ਹਾ ਨਹੀਂ ਕਰਵਾ ਦਿੰਦਾ। ਇਹ ਰਕਮ ਆਉਣ ਵਾਲੇ ਮਹੀਨਿਆਂ ਦੇ ਕਿਰਾਏ ਵਿੱਚ ਐਡਜਸਟ ਕੀਤੀ ਜਾਵੇਗੀ।

5. ਮਹੀਨਾਵਾਰ ਲੀਜ਼ ਦੀ ਰਕਮ ਅਲਾਟੀ ਦੁਆਰਾ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਜਮ੍ਹਾ ਕਰਵਾਈ ਜਾਵੇਗੀ।

6. ਮਹੀਨਾਵਾਰ ਕਿਰਾਇਆ ਜਮ੍ਹਾ ਕਰਨ ਵਿੱਚ ਅਸਫਲ ਰਹਿਣ 'ਤੇ ਨਿਰਧਾਰਤ ਮਿਤੀ ਤੋਂ ਬਾਅਦ ਮਹੀਨਾਵਾਰ ਕਿਰਾਏ ਦੇ 20% ਵਾਧੇ ਦਾ ਜੁਰਮਾਨਾ ਲਗਾਇਆ ਜਾਵੇਗਾ। ਲਗਾਤਾਰ 3 ਮਹੀਨਿਆਂ ਲਈ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਲੀਜ਼ ਸਮਝੌਤੇ ਨੂੰ ਰੱਦ ਕੀਤਾ ਜਾਵੇਗਾ।

7. ਸਫਲ ਬੋਲੀਕਾਰ ਦੁਆਰਾ ਦੁਕਾਨ ਨੂੰ ਸਬਲੇਟਿੰਗ (Subletting) ਦੀ ਇਜਾਜਤ ਨਹੀ ਹੈ । ਜੇਕਰ ਦੁਕਾਨ ਨੂੰ ਸਬਲੇਟ ਕਰਨ ਦੀ ਕੋਈ ਘਟਨਾ ਵਿਭਾਗ ਦੇ ਧਿਆਨ ਵਿੱਚ ਆਵੇਗੀ ਤਾਂ ਲੀਜ ਐਗਰੀਮੈਂਟ ਰੱਦ ਕਰ ਦਿੱਤਾ ਜਾਵੇਗਾ ਅਤੇ ਸਬੰਧਤ ਬੋਲੀਕਾਰ ਨੂੰ 5 ਸਾਲਾਂ ਦੀ ਮਿਆਦ ਲਈ ਭਵਿੱਖ ਦੀ ਨਿਲਾਮੀ ਵਿੱਚ ਹਿੱਸਾ ਲੈਣ ਨਹੀ ਦਿੱਤਾ ਜਾਵੇਗਾ।

8. ਸਫਲ ਬੋਲੀਕਾਰ ਨੂੰ ਵਿਭਾਗ ਦੀ ਜ਼ਮੀਨ 'ਤੇ ਕੋਈ ਦਰੱਖਤ ਕੱਟਣ/ਵੱਢਣ/ਵਧਾਉਣ/ਕਬਜਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

9. **ਰਾਖਵੀ ਕੀਮਤ** (ਮਹੀਨਾਵਾਰ) 10,000/- ਦੇ ਉਪਰ 1000 ਰੁਪਏ ਪ੍ਰਤੀ ਬੋਲੀ ਵਧੇਗੀ ਅਤੇ 50,000 ਦੇ ਉਪਰ 5000 ਰੁਪਏ ਬੋਲੀ ਵਧੇਗੀ।

10. ਚਲਦੀ ਬੋਲੀ ਦੀ ਪੂਰਨ ਵਿਡੀਓਗ੍ਰਾਫੀ ਕਰਵਾਈ ਜਾਵੇਗੀ ।

11. ਸਫਲ ਬੋਲੀਕਾਰ ਨੂੰ ਅਸ਼ਟਾਮ ਤੇ ਯੋਗ ਸ਼ਰਤਾਂ ਅਨੁਸਾਰ ਐਗਰੀਮੈਂਟ ਕਰ ਕੇ ਦੇਣਾ ਪਵੇਗਾ।

12. ਦੁਕਾਨ ਦਾ ਕਬਜਾ, **ਕਬਜਾ ਲੈਣ ਉਪਰੰਤ** ਤਿੰਨ ਸਾਲ ਦੀ ਮਿਆਦ ਪੂਰੀ ਹੋਣ ਤੇ ਛੱਡਣਾ ਪਵੇਗਾ ।

13. ਦੁਕਾਨਾਂ ਦੇ ਸੰਬੰਧ ਵਿੱਚ ਜੋ ਵੀ ਪੰਜਾਬ ਸਰਕਾਰ ਵੱਲੋ ਸਮੇ -2 ਸਿਰ ਹਦਾਇਤਾਂ ਜਾਰੀ ਹੋਣਗੀਆ, ਉਹਨਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

14. ਬੋਲੀ ਪ੍ਰਵਾਨ ਕਰਨ ਦਾ ਜਾ ਨਾ ਕਰਨ ਦਾ ਪੂਰਾ ਅਧਿਕਾਰ ਉੱਚ ਅਧਿਕਾਰੀਆ ਨੂੰ ਹੋਵੇਗਾ।

15.ਸਰਕਾਰ ਦੀਆਂ ਹਦਾਇਤਾ ਮੁਤਾਬਿਕ ਜੋ ਵੀ Licence/NOC ਲੋੜੀਦੇ ਹੋਣਗੇ ਉਹ ਸਫਲ ਬੋਲੀਕਾਰ ਖੁਦ ਲੈਣ ਲਈ ਜਿੰਮੇਵਾਰ ਹੋਵੇਗਾ।

16. ਖਾਣ-ਪੀਣ ਵਾਲੀਆ ਚੀਜਾ ਵਧੀਆ ਅਤੇ ਸਦਾ ਢੱਕੀਆ ਹੋਣੀਆ ਚਾਹੀਦੀਆ ਹਨ।

17. ਬਿਜਲੀ/ ਪਾਣੀ ਦਾ ਪ੍ਰਬੰਧ ਅਤੇ ਖਪਤ ਦਾ ਖਰਚਾ ਸਫਲ ਬੋਲੀਕਾਰ ਦਾ ਹੋਵੇਗਾ।

18. ਇਹ ਕਿ ਦੁਕਾਨਾ ਦਾ ਆਲਾ-ਦੁਆਲਾ ਸਾਫ ਸੁਥਰਾ ਰੱਖਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਪ੍ਰਦੂਸ਼ਣ ਨਹੀਂ ਕੀਤਾ ਜਾਵੇਗਾ । ਜਿਸ ਦੀ ਉਲੰਘਣਾ ਕਰਨ ਦੀ ਜਿੰਮੇਵਾਰੀ ਖੁਦ ਬੋਲੀਕਾਰ ਦੀ ਹੋਵੇਗੀ।

19. ਸਫਲ ਬੋਲੀਕਾਰ ਦੁਕਾਨ ਤੇ ਕਿਸੇ ਪ੍ਰਕਾਰ ਦੁਰਘਟਨਾ/ ਲੜਾਈ - ਝਗੜਾ/ ਲਿਟੀਗੇਸ਼ਨ ਆਦਿ ਦਾ ਖੁਦ ਜਿੰਮੇਵਾਰ ਹੋਵੇਗਾ।

20. ਵਧੇਰੇ ਜਾਣਕਾਰੀ / ਪੁੱਛ- ਗਿੱਛ ਲਈ ਇਸ ਦਫਤਰ ਦੇ ਜੇ.ਈ. ਹੈੱਡ ਕੁਆਰਟਰ ਦਾ ਮੋਬਾਇਲ ਨੰਬਰ 9501708970ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

21. ਬੋਲੀ ਵਿਚ ਹਿੱਸਾ ਲੈਣ ਤੋਂ ਪਹਿਲਾਂ ਬੋਲੀਕਾਰ ਨੂੰ ਉਪ ਮੰਡਲ ਅਫਸਰ, ਦਿਆਲਪੁਰਾ ਉਪ ਮੰਡਲ (Mobile No. 7307508260) ਤੋਂ NO OBJECTION CERTIFICATE ਲੈ ਕੇ ਆਉਣਗੇ। NO OBJECTION CERTIFICATE ਨਾ ਹੋਣ ਦੀ ਸੂਰਤ ਵਿਚ ਬੋਲੀ ਵਿਚ ਹਿੱਸਾ ਨਹੀਂ ਲੈਣ ਦਿੱਤਾ ਜਾਵੇਗਾ।

22. NO OBJECTION CERTIFICATE ਅਪਲਾਈ ਕਰਨ ਦੀ ਆਖ਼ਰੀ ਮਿਤੀ 16-01-2025 ਦੁਪਹਿਰ 3 ਵਜੇ ਤੱਕ ਹੋਵੇਗੀ।

23. ਜਲ ਸਰੋਤ ਵਿਭਾਗ ਕੋਲ ਲੀਜ ਸਮਝੋਤੇ ਨੂੰ ਰੱਦ ਕਰਨ ਦਾ Suo-motu ਅਧਿਕਾਰ ਹੋਵੇਗਾ ਅਤੇ ਸਬੰਧਤ ਅਲਾਟੀ ਨੂੰ ਦੁਕਾਨ ਖਾਲੀ ਕਰਨ ਲਈ 15 ਦਿਨ ਦਾ ਸਮਾ ਦਿੱਤਾ ਜਾਵੇਗਾ।

24. ਜੇਕਰ ਕੋਈ ਬੋਲੀਕਾਰ ਬੋਲੀ ਪ੍ਰਕਿਰਿਆ ਦੋਰਾਨ ਕਿਸੇ ਵੀ ਤਰਾ ਦਾ ਗਲਤ ਵਿਵਹਾਰ ਜਾਂ ਅਨੁਸਾਸ਼ਨ ਭੰਗ ਕਰਦਾ ਹੈ ਤਾ ਉਸਦੀ ਸੁਰੱਖਿਆ ਰਕਮ (Security amount) ਜਬਤ ਕਰ ਲਈ ਜਾਵੇਗੀ ਅਤੇ ਉਸਨੂੰ ਤਿੰਨੇ ਸਾਲ ਲਈ ਬੋਲੀ ਵਿੱਚ ਹਿੱਸਾ ਲੈਣ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

25. .ਜੇਕਰ ਸਫਲ ਬੋਲੀਕਾਰ ਵੱਲੋਂ ਨਿਸਚਿਤ ਖੇਤਰਫਲ ਤੋ ਜਿਆਦਾ ਏਰੀਆਂ ਵਰਤੋ ਵਿੱਚ ਲਿਆਦਾ ਜਾਦਾ ਹੈ ਤਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਮਰਸੀਅਲ ਰੇਟ ਤੇ ਜੁਰਮਾਨਾ ਵਸੂਲਿਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਪਟਿਆਲਾ ਨਹਿਰ ਹਲਕਾ,
ਜਲ ਸਰੋਤ ਵਿਭਾਗ ਪੰਜਾਬ ਪਟਿਆਲਾ।

ਪਿੱਠ ਅੰਕਣ ਨੰਬਰ 1035-47 ਮਿਤੀ 17-12-2024

ਉਪਰੋਕਤ ਦਾ ਉਤਾਰਾ :-

1 ਨਿਗਰਾਨ ਇੰਜੀਨੀਅਰ,ਪਟਿਆਲਾ ਨਹਿਰ ਹਲਕਾ ਜਲ ਸਰੋਤ ਵਿਭਾਗ, ਪੰਜਾਬ ਪਟਿਆਲਾ।
2 ਨਿਗਰਾਨ ਇੰਜੀਨੀਅਰ, ਭਾਖੜਾ ਮੇਨ ਲਾਇਨ ਹਲਕਾ ਪਟਿਆਲਾ।
3 ਕਾਰਜਕਾਰੀ ਇੰਜੀਨੀਅਰ, ਸੰਗਰੂਰ / ਮਾਨਸਾ/ ਬਰਨਾਲਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ।
4 ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਮੰਡਲ, ਨੂੰ ਲਿਖਿਆ ਜਾਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।
5 ਡਿਪਟੀ ਕਮਿਸ਼ਨਰ, ਪਟਿਆਲਾ/ਸੰਗਰੂਰ/ਮਾਨਸਾ।
6 ਉਪ ਮੰਡਲ ਦਫਤਰ,ਦਿਆਲਪੁਰਾ, ਸੰਗਤੀਵਾਲਾ।
7. ਕਾਰਜਕਾਰੀ ਇੰਜੀਨੀਅਰ, ਆਈ.ਟੀ. ਮੁੱਖ ਦਫਤਰ ਚੰਡੀਗੜ੍ਹ ਜੀ ਨੂੰ ਬੋਲੀ ਨੋਟਿਸ ਨੂੰ https://irrigation.punjab.gov.in ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਦਾ ਹੈ।
8. ਆਮ ਜਨਤਾ ਲਈ ਨੋਟਿਸ ਬੋਰਡ।

ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਪਟਿਆਲਾ ਨਹਿਰ ਹਲਕਾ,
ਜਲ ਸਰੋਤ ਵਿਭਾਗ,ਪੰਜਾਬ, ਪਟਿਆਲਾ।